# ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

(ਅਮਲਾ -7 ਸ਼ਾਖਾ)

## ਨੋਟਿਸ

ਇਸ ਦਫਤਰ ਵੱਲੋਂ ਮਹੀਨਾਂ ਅਕਤੂਬਰ, 2015 ਵਿੱਚ ਹੇਠ ਦਰਸਾਏ ਉਮੀਦਵਾਰਾਂ ਨੂੰ ਬਤੌਰ ਐਮ.ਐਲ.ਟੀ. ਗ੍ਰੇਡ-2 ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ ਅਤੇ ਨਿਯੁਕਤੀ ਪੱਤਰਾਂ ਵਿੱਚ 15 ਦਿਨਾਂ ਦੇ ਅੰਦਰ ਅੰਦਰ ਡਿਊਟੀ ਜੁਆਇੰਨ ਕਰਨ ਦੀ ਸ਼ਰਤ ਲਗਾਈ ਗਈ ਸੀ ਪ੍ਰੰਤੂ ਇਨ੍ਹਾਂ ਉਮੀਦਵਾਰਾਂ ਵਿੱਚੋਂ ਲੜੀ ਨੰਬਰ 1 ਅਤੇ 2 ਤੇ ਦਰਸਾਏ ਉਮੀਦਵਾਰਾਂ ਨੂੰ ਭੇਜੇ ਗਏ ਨਿਯੁਕਤੀ ਪੱਤਰ ਡਾਕ ਵਿਭਾਗ ਪਾਸੋਂ ਅਣ-ਡਲੀਵਰ ਵਾਪਿਸ ਇਸ ਦਫਤਰ ਵਿਖੇ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਅਤੇ ਸਿਵਲ ਸਰਜਨ, ਪਟਿਆਲਾ ਪਾਸੋਂ ਪ੍ਰਾਪਤ ਕੀਤੀ ਸੂਚਨਾ ਅਨੁਸਾਰ ਕ੍ਰਮਵਾਰ ਲੜੀ ਨੰਬਰ 3 ਅਤੇ 4 ਤੇ ਦਰਸਾਏ ਉਮੀਦਵਾਰਾਂ ਵੱਲੋਂ ਵੀ ਆਪਣੀ ਡਿਊਟੀ ਅਜੇ ਤੱਕ ਜੁਆਇੰਨ ਨਹੀਂ ਕੀਤੀ ਗਈ ਹੈ:-

| ਲੜੀ ਨੰਬਰ | ਨਾਮ | ਨਿਯੁਕਤੀ ਪੱਤਰ ਦਾ ਨੰਬਰ ਅਤੇ ਮਿਤੀ | ਵਿਸ਼ੇਸ਼ ਕਥਨ |
|---|---|---|---|
| 1 | ਸ੍ਰੀਮਤੀ ਨਵਨੀਤ ਕੌਰ | ਈ7(5)ਪੰ:-2015/2879 ਮਿਤੀ 12-10-2015 | ਡਾਕ ਵਿਭਾਗ ਪਾਸੋਂ ਨਿਯੁਕਤੀ ਪੱਤਰ ਅਣ-ਡਲੀਵਰ ਵਾਪਿਸ ਪ੍ਰਾਪਤ ਹੋਇਆ ਹੈ । |
| 2 | ਸ੍ਰੀ ਨਰੇਸ਼ ਕੁਮਾਰ | ਈ7(5)ਪੰ:-2015/2876 ਮਿਤੀ 12-10-2015 | ਡਾਕ ਵਿਭਾਗ ਪਾਸੋਂ ਨਿਯੁਕਤੀ ਪੱਤਰ ਅਣ-ਡਲੀਵਰ ਵਾਪਿਸ ਪ੍ਰਾਪਤ ਹੋਇਆ ਹੈ । |
| 3 | ਸ੍ਰੀ ਤੇਜਿੰਦਰ ਸਿੰਘ ਰਾਣਾ | ਈ7(5)ਪੰ:-2015/2858 ਮਿਤੀ 12-10-2015 | ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਟੈਲੀਫੋਨ ਤੇ ਪ੍ਰਾਪਤ ਕੀਤੀ ਸੂਚਨਾਂ ਅਨੁਸਾਰ ਇਸ ਉਮੀਦਵਾਰ ਨੇ ਡਿਊਟੀ ਜੁਆਇੰਨ ਨਹੀਂ ਕੀਤੀ ਹੈ। |
| 4 | ਸ੍ਰੀ ਹਰਿੰਦਰ ਪਾਲ ਸਿੰਘ ਬਾਜਵਾ | ਈ7(5)ਪੰ:-2015/2879 ਮਿਤੀ 12-10-2015 | ਸਿਵਲ ਸਰਜਨ, ਪਟਿਆਲਾ ਪਾਸੋਂ ਟੈਲੀਫੋਨ ਤੇ ਪ੍ਰਾਪਤ ਕੀਤੀ ਸੂਚਨਾਂ ਅਨੁਸਾਰ ਇਸ ਉਮੀਦਵਾਰ ਨੇ ਡਿਊਟੀ ਜੁਆਇੰਨ ਨਹੀਂ ਕੀਤੀ ਗਈ ਹੈ। |

ਉਕਤ ਉਮੀਦਵਾਰਾਂ ਨੂੰ ਜਾਰੀ ਕੀਤੇ ਗਏ ਨਿਯੁਕਤੀ ਪੱਤਰਾਂ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਮਿਥੇ ਸਮੇਂ ਦੇ ਅੰਦਰ ਅੰਦਰ ਡਿਊਟੀ ਜੁਆਇੰਨ ਨਾ ਕਰਨ ਦੀ ਸੂਰਤ ਵਿੱਚ ਨਿਯੁਕਤੀ ਦੀ ਇਹ ਪੇਸ਼ਕਸ਼ ਰੱਦ ਸਮਝੀ ਜਾਵੇਗੀ। ਫਿਰ ਵੀ ਉਕਤ ਉਮੀਦਵਾਰਾਂ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਨੂੰ ਨਿਯੁਕਤੀ ਪੱਤਰ ਵਿੱਚ ਦਰਜ਼ ਸ਼ਰਤ ਮੰਨਜੂਰ ਹਨ ਤਾਂ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਅੰਦਰ ਆਪਣੀ ਡਿਊਟੀ ਜੁਆਇੰਨ ਕੀਤੀ ਜਾਵੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਬਤੌਰ ਐਮ.ਐਲ.ਟੀ. ਕੀਤੀ ਗਈ ਗਈ ਨਿਯੁਕਤੀ ਦੀ ਪੇਸ਼ਕਸ਼ ਰੱਦ ਸਮਝੀ ਜਾਵੇਗੀ ਅਤੇ ਉਨ੍ਹਾਂ ਦਾ ਇਸ ਅਸਾਮੀ ਤੇ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ।

HBal

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

8-1-16

ਰਜਿਸਟਰਡ

## ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ
(ਅਮਲਾ -7 ਸ਼ਾਖਾ)

ਵੱਲ

1 ਨਵਨੀਤ ਕੌਰ ਪੁੱਤਰੀ ਸ੍ਰੀ ਅਵਤਾਰ ਸਿੰਘ,
ਪਿੰਡ ਤੇ ਡਾਕਖਾਨਾ ਕੁੰਮਕਲਾਂ ਤਹਿਸੀਲ ਤੇ ਜਿਲ੍ਹਾ ਲੁਧਿਆਣਾ

2 ਤੇਜਿੰਦਰ ਸਿੰਘ ਰਾਣਾ ਪੁੱਤਰ ਸ੍ਰੀ ਮਹਿੰਦਰ ਸਿੰਘ ਰਾਣਾ,
ਪਿੰਡ ਲਸਾਰਾ, ਤਹਿਸੀਲ ਗੜਸ਼ੰਕਰ, ਡਾਕਖਾਨਾ ਜੈਜੋਂ ਦੁਆਬਾ,
ਜਿਲ੍ਹਾ ਹੁਸ਼ਿਆਰਪੁਰ

3 ਨਰੇਸ ਕੁਮਾਰ ਪੁੱਤਰ ਸ੍ਰੀ ਲਾਮ ਲੁਭਾਇਆ,
ਮਕਾਨ ਨੰਬਰ 62, ਗਲੀ ਨੰਬਰ 4, ਸਾਂਤੀ ਨਗਰ, ਨੇੜੇ ਅਰਬਨ
ਅਸਟੇਟ, ਫੇਜ਼-2, ਪਟਿਆਲਾ

4 ਹਰਿੰਦਰ ਪਾਲ ਸਿੰਘ ਬਾਜਵਾ ਪੁੱਤਰ ਸ੍ਰੀ ਰਛਪਾਲ ਸਿੰਘ,
ਮਕਾਨ ਨੰ:22,ਪਿੰਡ ਖੁੱਡਾ ਅਲੀ ਸ਼ੇਰ,ਚੰਡੀਗੜ੍ਹ

ਮੀਮੋ ਨੰਬਰ ਈ7(5)ਪੰ:-2016/
ਮਿਤੀ, ਚੰਡੀਗੜ੍ਹ:-

ਵਿਸ਼ਾ :- ਡਿਊਟੀ ਜੁਆਇੰਨ ਕਰਨ ਸਬੰਧੀ - ਨੋਟਿਸ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਾਲ ਨੱਥੀ ਨੋਟਿਸ ਵਿੱਚ ਦਰਜ਼ ਵੇਰਵਿਆ ਅਨੁਸਾਰ ਇਸ ਦਫਤਰ ਵੱਲੋਂ ਮਹੀਨਾਂ ਅਕਤੂਬਰ, 2015 ਵਿੱਚ ਆਪ ਨੂੰ ਬਤੌਰ ਐਮ.ਐਲ. ਟੀ. ਗ੍ਰੇਡ-2 ਦੀ ਨਿਯੁਕਤੀ ਦੀ ਪੇਸ਼ਕਸ ਕੀਤੀ ਗਈ ਸੀ ਪ੍ਰੰਤੂ ਆਪ ਵੱਲੋਂ ਡਿਊਟੀ ਜੁਆਇੰਨ ਨਹੀਂ ਕੀਤੀ ਹੈ । ਆਪ ਨੂੰ ਡਿਊਟੀ ਜੁਆਇੰਨ ਕਰਨ ਲਈ ਇਕ ਆਖਰੀ ਮੌਕਾ ਦਿੰਦੇ ਹੋਏ ਵਿਭਾਗ ਦੀ ਵੈਬ-ਸਾਇਟ ਤੇ ਇਸ ਸਬੰਧੀ ਨੋਟਿਸ ਜਾਰੀ ਕੀਤਾ ਜਾ ਰਿਹਾ ਹੈ (ਨੋਟਿਸ ਦੀ ਕਾਪੀ ਨਾਲ ਨੱਥੀ ਹੈ)

ਆਪ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਨੂੰ ਨਿਯੁਕਤੀ ਪੱਤਰ ਵਿੱਚ ਦਰਜ਼ ਸ਼ਰਤਾਂ ਮੰਨਜੂਰ ਹਨ ਤਾਂ ਉਕਤ ਨੋਟਿਸ/ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਤੋਂ ਨਿਯੁਕਤੀ ਪੱਤਰ ਪ੍ਰਾਪਤ ਕਰਕੇ ਆਪਣੀ ਡਿਊਟੀ ਜੁਆਇੰਨ ਕੀਤੀ ਜਾਵੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਨੂੰ ਬਤੌਰ ਐਮ.ਐਲ.ਟੀ. ਕੀਤੀ ਗਈ ਗਈ ਨਿਯੁਕਤੀ ਦੀ ਪੇਸ਼ਕਸ ਰੱਦ ਸਮਝੀ ਜਾਵੇਗੀ ਅਤੇ ਆਪ ਦਾ ਇਸ ਆਸਾਮੀ ਤੇ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ

ਸੁਪਰਡੰਟ ਅਮਲਾ-7 ਸ਼ਾਖਾ
ਵਾ:ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਨੱਥੀ :- ਉਕਤ ਅਨੁਸਾਰ ।

ਮਿਤੀ; ਚੰਡੀਗੜ੍ਹ 15.1.16

ਪਿੱਠ ਅੰਕਣ ਨੰਬਰ ਈ7(5)ਪੰ:-2015/ 196

ਉਤਾਰਾ ਸਿਸਟਮ ਐਨਾਲਿਸਟ ਦਫਤਰ ਡੀ.ਐਚ.ਐਸ. ਪੰਜਾਬ ਨੂੰ ਸਮੇਤ ਨੋਟਿਸ ਦੀ ਕਾਪੀ ਦੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਨੋਟਿਸ ਨੂੰ ਅੱਜ ਹੀ ਵਿਭਾਗ ਦੀ ਸਾਈਟ ਤੇ ਅਪਲੋਡ ਕੀਤਾ ਜਾਵੇ।

ਸੁਪਰਡੰਟ ਅਮਲਾ-7 ਸ਼ਾਖਾ 11/1/16
ਵਾ:ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ